# DIRECTORATE OF EDUCATION
# GNCT OF DELHI

PRACTICE PAPER (MID-TERM)
SESSION : 2025 - 2026
CLASS : VII
SUBJECT : PUNJABI

DURATION: 2:30 HRS M.M: 60

## ਆਮ ਨਿਰਦੇਸ਼

- ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ।
- ਹਰੇਕ ਭਾਗ ਨੂੰ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹਲ ਕਰਨ ਦਾ ਯਤਨ ਕਰੋ।
- ਬਹੁਵਿਕਲਪੀ ਪ੍ਰਸ਼ਨਾਂ ਦੇ ਵਿਕਲਪ ਨੰਬਰ ਨਾਲ ਉਹਨਾਂ ਦੇ ਉੱਤਰ ਵੀ ਲਿਖੋ।

| ਪ੍ਰਸ਼ਨ | ਭਾਗ- ੳ ਪੜ੍ਹਨ ਕੌਸ਼ਲ | ਅੰਕ |
|---|---|---|
| 1 | ਹੇਠ ਦਿੱਤੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ।<br><br>ਗੁਲਾਬ ਦਾ ਫੁੱਲ ਬਹੁਤ ਹੀ ਸੋਹਣਾ ਤੇ ਸਭ ਦਾ ਪਸੰਦੀਦਾ ਫੁੱਲ ਹੈ। ਗੁਲਾਬ ਨੂੰ ਫੁੱਲਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਗੁਲਾਬ ਕਈ ਰੰਗਾਂ ਦੇ ਹੁੰਦੇ ਹਨ, ਜਿਵੇਂ ਲਾਲ, ਪੀਲਾ, ਗੁਲਾਬੀ ਆਦਿ। ਗੁਲਾਬ ਦੀ ਖ਼ੁਸ਼ਬੂ ਬਹੁਤ ਹੀ ਸੁਗੰਧਿਤ ਤੇ ਮਨਮੋਹਕ ਹੁੰਦੀ ਹੈ। ਗੁਲਾਬ ਦੇ ਫੁੱਲ ਤੋਂ ਗੁਲਾਬ ਜਲ ਤੇ ਗੁਲਕੰਦ ਵੀ ਬਣਾਈ ਜਾਂਦੀ ਹੈ। ਲੋਕ ਗੁਲਾਬ ਦੇ ਫੁੱਲਾਂ ਦਾ ਪ੍ਰਯੋਗ ਮਾਲਾ, ਗੁਲਦਸਤਿਆਂ ਅਤੇ ਸਜਾਵਟ ਕਰਨ ਲਈ ਕਰਦੇ ਹਨ। ਗੁਲਾਬ ਦਾ ਫੁੱਲ ਸੁੰਦਰਤਾ, ਪਿਆਰ ਅਤੇ ਮਿੱਤਰਤਾ ਦਾ ਪ੍ਰਤੀਕ ਹੈ।<br><br>(i) ਗੁਲਾਬ ਦਾ ਫੁੱਲ ਕਿਹੋ ਜਿਹਾ ਫੁੱਲ ਹੈ?<br>(ii) ਫੁੱਲਾਂ ਦਾ ਰਾਜਾ ਕਿਸਨੂੰ ਕਿਹਾ ਜਾਂਦਾ ਹੈ? | 5×2=10 |



Scanned with OKEN Scanner

(iii) ਗੁਲਾਬ ਦੇ ਫੁੱਲ ਤੋਂ ਕੀ- ਕੀ ਬਣਾਇਆ ਜਾਂਦਾ ਹੈ?

(iv) ਲੋਕ ਗੁਲਾਬ ਦੇ ਫੁੱਲਾਂ ਦਾ ਪ੍ਰਯੋਗ ਕਿਵੇਂ ਕਰਦੇ ਹਨ?

(v) ਗੁਲਾਬ ਦਾ ਫੁੱਲ ਕਿਸ ਚੀਜ਼ ਦਾ ਪ੍ਰਤੀਕ ਹੈ ?

## ਭਾਗ ਅ ਵਿਆਕਰਨ

2. ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਲਿਖੋ:-( ਕੋਈ ਦਸ ) 10×1=10

(i) 'ਜਾਂਦਾ' ਸ਼ਬਦ ਦਾ ਸਹੀ ਬਹੁਵਚਨ ਚੁਣ ਕੇ ਲਿਖੋ:-

(ੳ) ਜਾਂਦੀ (ਅ) ਜਾਂਦੇ
(ੲ) ਜਾਂਦੀਆਂ (ਸ) ਜਾਂਦਿਆਂ

(ii) 'ਬਸਤਾ' ਸ਼ਬਦ ਦਾ ਸਹੀ ਬਹੁਵਚਨ ਚੁਣ ਕੇ ਲਿਖੋ:-

(ੳ) ਬਸਤੀਆਂ (ਅ) ਬਸਤੀ
(ੲ) ਬਸਤੁ (ਸ) ਬਸਤੇ

(iii) 'ਆਦਮੀ' ਸ਼ਬਦ ਦਾ ਸਹੀ ਇਸਤਰੀ ਲਿੰਗ ਚੁਣ ਕੇ ਲਿਖੋ:-

(ੳ) ਨਰ (ਅ) ਮਰਦ
(ੲ) ਔਰਤ (ਸ) ਪੁਰਸ਼

(iv) 'ਲੇਖਿਕਾ' ਸ਼ਬਦ ਦਾ ਸਹੀ ਪੁਲਿੰਗ ਚੁਣ ਕੇ ਲਿਖੋ:-

(ੳ) ਲੇਖਿਕਾਵਾਂ (ਅ) ਲੇਖਕ
(ੲ) ਲੇਖਿਕੋਂ (ਸ) ਲੇਖਕੀ



Scanned with OKEN Scanner

(v) 'ਦਿਨ' ਸ਼ਬਦ ਦਾ ਸਹੀ ਵਿਰੋਧੀ ਚੁਣ ਕੇ ਲਿਖੋ:-
(ੳ) ਰਾਤ (ਅ) ਸਵੇਰ
(ੲ) ਧੁੱਪ (ਸ) ਉਜਾਲਾ

(vi) 'ਪ੍ਰਾਚੀਨ' ਸ਼ਬਦ ਦਾ ਸਹੀ ਵਿਰੋਧੀ ਚੁਣ ਕੇ ਲਿਖੋ:-
(ੳ) ਅਤੀਤ (ਅ) ਪੁਰਾਤਨ
(ੲ) ਨਵੀਨ (ਸ) ਪੁਰਾਣਾ

(vii) ਹੇਠ ਲਿਖੇ ਸ਼ਬਦਾਂ ਵਿੱਚੋਂ 'ਅੱਧਕ' ਵਾਲਾ ਸ਼ਬਦ ਚੁਣ ਕੇ ਲਿਖੋ:-
(ੳ) ਸਿੰਧੂ (ਅ) ਮਾਂ
(ੲ) ਪ੍ਰਵੇਸ਼ (ਸ) ਘੱਟਾ

(viii) ਹੇਠ ਦਿੱਤੇ ਸ਼ਬਦਾਂ ਵਿੱਚੋਂ 'ਨਾਂਵ' ਸ਼ਬਦ ਚੁਣ ਕੇ ਲਿਖੋ:-
(ੳ) ਮੈਂ (ਅ) ਤੁਸੀਂ
(ੲ) ਤੇਰਾ (ਸ) ਤਾਮਿਲਨਾਡੂ

(ix) ਹੇਠ ਦਿੱਤੇ ਸ਼ਬਦਾਂ ਵਿੱਚੋਂ 'ਵਸਤੂ ਵਾਚਕ ਨਾਂਵ' ਸ਼ਬਦ ਚੁਣ ਕੇ ਲਿਖੋ:-
(ੳ) ਇਕਬਾਲ (ਅ) ਟੋਲਾ
(ੲ) ਗਾਜਰ (ਸ) ਪਗੜੀ

(x) ਹੇਠ ਦਿੱਤੇ ਸ਼ਬਦਾਂ ਵਿੱਚੋਂ 'ਪੜਨਾਂਵ' ਸ਼ਬਦ ਚੁਣ ਕੇ ਲਿਖੋ:-
(ੳ) ਓੜੀਸਾ (ਅ) ਆਸਟ੍ਰੇਲੀਆ
(ੲ) ਤੁਸੀਂ (ਸ) ਆਸ਼ਿਅੰਸਾ

(xi) '____ ਰੋਜ਼ ਸੈਰ ਉੱਤੇ ਜਾਂਦਾ ਹੈ' ਖਾਲੀ ਥਾਂ ਵਿੱਚ ਸਹੀ ਪੜਨਾਂਵ ਸ਼ਬਦ ਭਰ ਕੇ ਵਾਕ ਪੂਰਾ ਕਰੋ:-
(ੳ) ਅਸੀਂ (ਅ) ਮੈਨੂੰ
(ੲ) ਮੇਰੀ (ਸ) ਉਹ



Scanned with OKEN Scanner

(xii) ਹੇਠ ਲਿਖੇ ਸ਼ਬਦਾਂ ਵਿੱਚੋਂ 'ਵਿਸ਼ੇਸ਼ਣ' ਸ਼ਬਦ ਚੁਣ ਕੇ ਲਿਖੋ:-

(ੳ) ਕਾਲਾ (ਅ) ਹੱਸਣਾ

(ੲ) ਤੈਨੂੰ (ਸ) ਆਪ

(xiii) ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਦੇ ਗੁਣ, ਔਗੁਣ ਗਿਣਤੀ - ਮਿਣਤੀ ਦੱਸਦੇ ਹਨ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?

(ੳ) ਨਾਂਵ (ਅ) ਪੜਨਾਂਵ

(ੲ) ਕਿਰਿਆ (ਸ) ਵਿਸ਼ੇਸ਼ਣ

## ਭਾਗ- ੲ ਪ੍ਰਭਾਵਸ਼ਾਲੀ ਲਿਖਣ ਕੌਸ਼ਲ

3 'ਮੇਰਾ ਸਕੂਲ' ਵਿਸ਼ੇ ਉੱਤੇ ਪੰਜ ਸਤਰਾਂ ਵਿੱਚ ਲੇਖ ਲਿਖੋ। 5

4 ਆਪਣੇ ਸਕੂਲ ਮੁਖੀ ਨੂੰ ਪੰਜਾਬੀ ਵਿਸ਼ਾ ਲੈਣ ਲਈ ਬਿਨੈ - ਪੱਤਰ ਲਿਖੋ। 5

6 ਹੇਠ ਦਿੱਤੇ ਗਏ ਸ਼ਬਦਾਂ ਦੀ ਸਹਾਇਤਾ ਨਾਲ ਪੰਜ ਸਤਰਾਂ ਵਿੱਚ ਤਸਵੀਰ ਵਰਨਣ ਕਰੋ। 5

( ਬੱਚੇ , ਝੂਲੇ , ਕਿਤਾਬ , ਰੁੱਖ , ਖੁਸ਼ , ਫੁੱਟਬਾਲ, ਬੱਦਲ , ਖੇਡਣਾ , ਕੁੜੀ , ਚਿੱਤਰਕਾਰੀ )



Scanned with OKEN Scanner



ਨੋਟ : ਇਹ ਪ੍ਰਸ਼ਨ ਚਿੱਤਰ / ਤਸਵੀਰ ਅਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ :-

ਤੁਸੀਂ ਆਪਣੀ ਜਮਾਤ ਨੂੰ ਸਾਫ਼ - ਸੁਥਰਾ ਅਤੇ ਸੁੰਦਰ ਕਿਵੇਂ ਬਣਾ ਸਕਦੇ ਹੋ ? 50 ਸ਼ਬਦਾਂ ਵਿੱਚ ਲਿਖੋ।

ਭਾਗ - ਸ ਪਾਠ ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ

6 ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ :- 5x1=5



Scanned with OKEN Scanner

(i) ਪੂਰੀ ਪੜ੍ਹ ਕੇ ਲੇਖਿਕਾ ਨੇ ਪਹਿਲੀ ਵਾਰੀ ਕੀ ਵੇਖਿਆ ?
(ੳ) ਨਹਿਰ (ਅ) ਸਮੁੰਦਰ
(ੲ) ਝੀਲ (ਸ) ਦਰਿਆ

(ii) ਡਾ: ਕਲਾਮ ਨੇ ਰਾਸ਼ਟਰਪਤੀ ਦਾ ਅਹੁਦਾ ਕਦੋਂ ਸੰਭਾਲਿਆ?
(ੳ) 20 ਜੂਨ 2002 (ਅ) 25 ਜੁਲਾਈ 2003
(ੲ) 25 ਜੁਲਾਈ 2002 (ਸ) 25 ਅਗਸਤ 2004

(iii) ਮਾਸਟਰ ਵਰਮਾ ਨੂੰ ਸੇਵਾ ਮੁਕਤ ਹੋਏ ਕਿੰਨਾ ਸਮਾਂ ਹੋਇਆ ਸੀ ?
(ੳ) ਇੱਕ ਵਰ੍ਹਾ (ਅ) ਛੇ ਮਹੀਨੇ
(ੲ) ਤਿੰਨ ਮਹੀਨੇ (ਸ) ਇੱਕ ਮਹੀਨਾ

(iv) ਮਾਸਟਰ ਵਰਮਾ ਨੂੰ ਕਿਸ ਉੱਤੇ ਭਰਪੂਰ ਵਿਸ਼ਵਾਸ ਸੀ ?
(ੳ) ਧਰਮ ਉੱਤੇ (ਅ) ਅੰਧਵਿਸ਼ਵਾਸਾਂ ਉੱਤੇ
(ੲ) ਭੂਤ - ਚੁੜੇਲਾਂ ਉੱਤੇ (ਸ) ਵਿਗਿਆਨ ਦੀ ਸੱਚਾਈ ਉੱਤੇ

(v) ਡਾ. ਕਲਾਮ ਨੇ ਦੇਸ਼ ਲਈ ਕੀ ਤਿਆਰ ਕੀਤਾ ?
(ੳ) ਮਿਸਾਇਲ (ਅ) ਹਵਾਈ ਜਹਾਜ਼
(ੲ) ਰੋਬੋਟ (ਸ) ਕੰਪਿਊਟਰ

(vi) 'ਸੰਨ- ਟੈਂਪਲ' ਦਾ ਸੰਬੰਧ ਕਿਸ ਨਾਲ ਹੈ ?
(ੳ) ਸੂਰਜ (ਅ) ਚੰਨ
(ੲ) ਤਾਰੇ (ਸ) ਪਾਣੀ



Scanned with OKEN Scanner

(vii) ਸਾਧੂ ਦਾ ਕੀ ਨਾਂ ਸੀ?

(ੳ) ਹਰੀ ਰਾਮ (ਅ) ਆਲੋਕ

(ੲ) ਪੂਰਨਚੰਦ (ਸ) ਪਰਮਾਨੰਦ

(viii) ਗੱਡੇ ਦੇ ਪਹੀਏ ਬਣਾਉਣ ਲਈ ਕਿਹੜੇ ਦਰੱਖਤ/ਰੁੱਖ ਦੀ ਲੱਕੜੀ ਵਰਤੀ ਜਾਂਦੀ ਹੈ?

(ੳ) ਨਿੰਮ (ਅ) ਕਿੱਕਰ

(ੲ) ਕੇਲਾ (ਸ) ਅੰਬ

7 ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :- 5×1=5

ਆਲੋਕ ਅਤੇ ਇਕਬਾਲ ਇਕੱਠੇ ਸਕੂਲ ਜਾਂਦੇ ਸਨ। ਆਮ ਤੌਰ ਉੱਤੇ ਆਲੋਕ ਛੇਤੀ ਤਿਆਰ ਹੋ ਕੇ ਆ ਜਾਂਦਾ ਸੀ। ਇਕਬਾਲ ਦੇ ਘਰ ਚੀਜ਼ਾਂ ਦੇ ਸਹੀ ਟਿਕਾਣੇ ਨਾ ਹੋਣ ਕਾਰਨ ਉਸਦਾ ਸਮਾਨ ਨਹੀਂ ਮਿਲਦਾ। ਕਈ ਵਾਰ ਉਹਨਾਂ ਨੂੰ ਸਕੂਲ ਪਹੁੰਚਣ ਵਿੱਚ ਦੇਰ ਹੋ ਜਾਂਦੀ। ਦੇਰੀ ਤੋਂ ਡਰਦੇ ਉਹ ਕਾਹਲੀ ਕਰਦੇ ਤੇ ਤੇਜ਼ ਸਾਈਕਲ ਚਲਾਉਂਦੇ ਹੋਏ ਸਕੂਲ ਪਹੁੰਚਦੇ। ਕਾਹਲੀ ਨਾਲ ਉਹ ਬਸਤੇ ਡੈਸਕਾਂ ਉੱਤੇ ਸੁੱਟ ਕੇ ਸਵੇਰ-ਸਭਾ ਵਿੱਚ ਪਹੁੰਚਦੇ ਸਨ।

(i) ਕੌਣ-ਕੌਣ ਇਕੱਠੇ ਸਕੂਲ ਜਾਂਦੇ ਸਨ?

(ii) ਆਮ ਤੌਰ ਉੱਤੇ ਕੌਣ ਛੇਤੀ ਤਿਆਰ ਹੋ ਕੇ ਆਉਂਦਾ ਸੀ?

(iii) ਇਕਬਾਲ ਦੇ ਘਰ ਸਮੇਂ ਸਿਰ ਚੀਜ਼ਾਂ ਨਾ ਮਿਲਣ ਦਾ ਕੀ ਕਾਰਨ ਸੀ?



Scanned with OKEN Scanner

(iv) ਆਸ਼ੋਕ ਅਤੇ ਇਕਬਾਲ ਕਾਹਲੀ ਕਰਦੇ ਹੋਏ ਸਕੂਲ ਕਿਉਂ ਪਹੁੰਚਦੇ ?

(v) ਬਸਤੇ ਡੈਸਕਾਂ ਉੱਤੇ ਸੁੱਟ ਕੇ ਉਹ ਕਿੱਥੇ ਪਹੁੰਚਦੇ ਸਨ ?

8 ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ (✓) ਅਤੇ ਗਲਤ ਵਾਕ ਅੱਗੇ (×) ਦਾ ਨਿਸ਼ਾਨ ਲਗਾਓ:- (ਕੋਈ ਪੰਜ) 5×1=5

(i) ਸਮੁੰਦਰ ਬਹੁਤ ਸ਼ਾਂਤ ਸੀ।

(ii) ਪਾਰ ਦੇ ਲੋਕ ਮਕਾਨ ਸਸਤਾ ਵੇਚਣ ਨੂੰ ਤਿਆਰ ਸਨ ਤਾਂ ਜੋ ਭੂਤ ਤੋਂ ਛੁਟਕਾਰਾ ਮਿਲ ਸਕੇ।

(iii) ਬੇਬੀ ਨੇ ਇਕਬਾਲ ਦੀ ਸਾਈਕਲ ਦੀ ਚਾਬੀ ਰੱਖਣ ਦਾ ਪੱਕਾ ਇਰਾਦਾ ਦੱਸਿਆ।

(iv) ਦੂਜਾ ਸ਼ਰਧਾਲੂ ਖੇਤੀ ਕਰਦਾ ਸੀ।

(v) ਕਵੀ ਆਪਣੀ ਮਾਂ-ਬੋਲੀ ਭੁੱਲ ਜਾਣ ਲਈ ਕਹਿੰਦਾ ਹੈ।

(vi) ਵਾਰਿਸ ਸ਼ਾਹ ਨੇ ਹੀਰ-ਰਾਂਝਾ ਦਾ ਕਿੱਸਾ ਲਿਖਿਆ।

(vii) ਕਸਬੇ ਦਾ ਬਲਬ ਰੋਜ਼ ਰਾਤੀਂ ਆਪਣੇ-ਆਪ ਜਗਦਾ-ਬੁਝਦਾ ਰਹਿੰਦਾ।

(viii) ਤੋਤਾ ਅਤੇ ਮੈਨਾ ਪੰਛੀ ਨਿਮੋਲੀਆਂ ਖਾਣਾ ਪਸੰਦ ਨਹੀਂ ਕਰਦੇ।



Scanned with OKEN Scanner

9 ਕਾਲਮ-1 ਵਿੱਚ ਦਿੱਤੇ ਸ਼ਬਦਾਂ ਦਾ ਕਾਲਮ-2 ਨਾਲ ਸਹੀ ਮਿਲਾਨ ਕਰੋ :- 5x1=5

| ਕਾਲਮ-1 | ਕਾਲਮ-2 |
| --- | --- |
| (i) ਬੰਗਾਲੀ | (ੳ) ਹੈਦਰਾਬਾਦ |
| (ii) ਮਰਾਠੀ | (ਅ) ਚੂਹੇ |
| (iii) ਹਵਾ ਮਹਲ | (ੲ) ਬੰਗਾਲ |
| (iv) ਚਾਰਮੀਨਾਰ | (ਸ) ਮਹਾਂਰਾਸ਼ਟਰ |
| (v) ਮਾਸਟਰ ਵਰਮਾ | (ਹ) ਜੈਪੁਰ |

ਜਾਂ

ਹੇਠ ਲਿਖੇ ਦੇਵਨਾਗਰੀ ਲਿਪੀ ਦੇ ਸ਼ਬਦਾਂ ਨੂੰ ਗੁਰਮੁਖੀ ਲਿਪੀ ਵਿੱਚ ਲਿਖੋ :-

(i) पवित्र
(ii) गुरू
(iii) उपयोगी
(iv) पत्ते
(v) विज्ञान

10. ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :- (ਕੋਈ ਪੰਜ) 5x1=5



Scanned with OKEN Scanner

( ਲੱਕੜੀ , ਅੰਬ , ਮਿਹਨਤ , ਦੀਪ , ਫੌਜੀ , ਕਟੋਰੀ , ਮਿੱਠੇ , ਆਲੋਕ )

(i) ਦੀਪ ਪਿਤਾ ਜੀਦਾ ਇਕ ____ ।

(ii) ਇਕਬਾਲ ਕਰਕੇ ____ ਨੂੰ ਵੀ ਪਰੇਸ਼ਾਨੀ ਹੁੰਦੀ ਸੀ।

(iii) ਅਧਿਆਪਕ ਦੀ ਭੂਮਿਕਾ ____ ਵਰਗੀ ਹੈ।

(iv) ਭਾਰਤ ਵਿੱਚ ____ ਸਭ ਤੋਂ ਵੱਧ ਹਰਮਨ ਪਿਆਰਾ ਫਲ ਹੈ।

(v) ਮਾਂ - ਬੋਲੀ ਦੇ ਬੋਲ ____ ਹੁੰਦੇ ਹਨ।

(vi) ਮੈਂ ਤਾਂ ____ ਵੱਲ ਹੀ ਤੱਕਦਾ ਰਿਹਾ।

(vii) ਪੁਰੀ ਵਿੱਚ ____ ਦੀ ਨੱਕਾਸ਼ੀ ਵਾਲੀਆਂ ਚੀਜ਼ਾਂ ਮਿਲਦੀਆਂ ਹਨ।

(viii) ਅਧਿਆਪਕ ਵੱਲੋਂ ਮਿਲੀ ਸਜ਼ਾ ਦਾ ਜਵਾਬ ਕਲਾਮ ਨੇ ਆਪਣੀ ____ ਰਾਹੀਂ ਦਿੱਤਾ।



Scanned with OKEN Scanner